e-mail:- rangleysajjantrust@gmail.com M. 99159-37011, 93166-10166, 0183-5064934

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

## Akhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ, ਪੰਜਾਬ

HEAD OFFICE:- RANGLEY SAJJAN MEMORIAL CHARITABLE TRUST (REGD.), CHOWNK BABA SAHIB, SRI AMRITSAR, PUNJAB

ਮੁੱਖ ਸੇਵਾਦਾਰ :- ਭਾਈ ਬਖ਼ਸ਼ੀਸ਼ ਸਿੰਘ

Ref No. ....................

Date ਵੀਰਵਾਰ, ੧੫ ਅੱਸੂ, ੫੫੪
29 ਸਤੰਬਰ, 2022

ਗੁਰੂ ਸਵਾਰੇ ਖ਼ਾਲਸਾ ਜੀ ਅਤੇ ਸਮੂਹ ਅਖੰਡ ਕੀਰਤਨੀ ਜੱਥਾ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲੋਂ ਕੀਤੀ ਨਾਮ ਕਮਾਈ ਅਤੇ ਰਹਿਤ-ਰਹਿਣੀ ਸਦਕਾ ਅਨੇਕਾਂ ਹੀ ਪ੍ਰਾਣੀ ਤੱਤ ਗੁਰਮਤਿ ਦੇ ਧਾਰਨੀ ਹੋਏ ਹਨ, ਜਿਨ੍ਹਾ ਨੇ ਪੰਥ ਦੀ ਚੜ੍ਹਦੀ ਕਲਾ ਲਈ ਜਾਨਾਂ ਵਾਰ ਕੇ ਵੀ ਸੇਵਾ ਕੀਤੀ ਹੈ। ਅਖੰਡ ਕੀਰਤਨੀ ਜਥਾ ਗੁਰਮਤਿ ਕਮਾਉਣ ਵਾਲੇ ਸਿੰਘ-ਸਿੰਘਣੀਆ ਦਾ ਸਮੂਹ ਹੈ। ਜਿਸ ਵਿੱਚ ਰਾਜਸੀ ਚਾਲਾਂ ਲਈ ਕੋਈ ਥਾਂ ਹੀ ਨਹੀਂ ਹੈ। ਕੁਟਿਲ ਰਾਜਨੀਤੀ ਦਾ ਪ੍ਰੇਰਿਆ ਹੋਇਆ, ਆਰ. ਪੀ. ਸਿੰਘ ਦੇ ਦਸਤਖਤ ਹੇਠ ਜਾਰੀ ਕੀਤਾ, ਅਖੌਤੀ 31 ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਸਹਿਮਤੀ ਵਾਲਾ ਇੱਕ ਪੱਤਰ ਸ਼ੋਸਲ ਮੀਡੀਆ 'ਤੇ ਪਾਇਆ ਗਿਆ ਹੈ। ਜਿਸ ਵਿੱਚ ਇਹ ਜ਼ਿਕਰ ਕੀਤਾ ਹੈ ਕਿ ਦਾਸ ਨੂੰ ਸੇਵਾ ਮੁਕਤ ਕੀਤਾ ਜਾਂਦਾ ਹੈ। ਇਸ ਪਾਈ ਗਈ ਦੁਬਿਧਾ ਪ੍ਰਤੀ ਦਾਸ ਨੂੰ ਦੇਸ਼-ਵਿਦੇਸ਼ 'ਚੋਂ ਜੱਥੇ ਨਾਲ ਸਬੰਧਤ ਸੰਗਤਾਂ ਦੇ ਫੋਨ ਆ ਰਹੇ ਹਨ, ਕਿ ਇਸ ਬਾਰੇ ਸਥਿਤੀ ਸਪੱਸ਼ਟ ਕੀਤੀ ਜਾਵੇ। ਇਸ ਲਈ ਇਹ ਪੱਤਰ ਆਪ ਜੀ ਦੀ ਜਾਣਕਾਰੀ ਹਿੱਤ ਜਾਰੀ ਕਰ ਰਿਹਾ ਹਾਂ।

ਜੱਥੇ ਉੱਤੇ ਹਾਵੀ ਹੋ ਰਹੀ ਇਸ ਰਾਜਨੀਤਿਕ ਜੁੰਡਲੀ ਵਲੋਂ ਜੱਥੇ ਨੂੰ ਖੇਰੂੰ-ਖੇਰੂੰ ਕਰਨ ਦੀ ਹਰਕਤ ਕੋਈ ਪਹਿਲੀ ਵਾਰ ਨਹੀਂ ਕੀਤੀ ਗਈ ਹੈ। ਕਈ ਵਾਰ ਪਹਿਲਾਂ ਵੀ ਇਹ ਅਸਫਲ ਯਤਨ ਕੀਤੇ ਜਾ ਚੁੱਕੇ ਹਨ ਜੋ ਕਿ ਗੈਰ ਸਿਧਾਂਤਿਕ ਅਤੇ ਜਥੇ ਦੇ ਅਸੂਲਾਂ ਦੇ ਵਿਪਰੀਤ ਹਨ।

ਪਿਛਲੇ ਕਈ ਸਾਲਾਂ ਤੋਂ ਇਹ ਅਖੌਤੀ ਕਮੇਟੀਆਂ ਬਣਾ ਕੇ ਜਥੇ ਦਾ ਪ੍ਰਬੰਧ ਚਲਾਉਣ ਦਾ ਦਾਅਵਾ ਕਰਦੇ ਆ ਰਹੇ ਹਨ ਪਰ ਸੰਗਤ ਨੇ ਇਹਨਾ ਦੀਆਂ ਕੁਟਿਲ ਚਾਲਾਂ ਨੂੰ ਸਦਾ ਹੀ ਨਕਾਰਿਆ ਹੈ। ਖਾਸ ਕਰਕੇ ਪਿਛਲੇ ਸਾਲ ਦਿੱਲੀ ਸਮਾਗਮ ਤੇ ਵੀ ਇਹਨਾਂ ਨੇ 15 ਅਕਤੂਬਰ 2021 ਨੂੰ ਲੈਟਰ ਜਾਰੀ ਕਰਕੇ ਦਾਸ ਨੂੰ ਸੇਵਾ ਮੁਕਤ ਕਰਕੇ ਪੰਜ ਮੈਂਬਰੀ ਕਮੇਟੀ ਦੋ ਸਾਲ ਲਈ ਬਣਾਈ ਸੀ। ਇਸ ਲੈਟਰ ਵਿੱਚ ਕਿਹਾ ਗਿਆ ਸੀ ਕਿ ਅਸੀਂ ਜਥੇਦਾਰ ਦੇ ਅਧਿਕਾਰ ਵਾਪਸ ਲਏ ਸਨ। ਜਦੋਂ ਅਧਿਕਾਰ ਹੀ ਵਾਪਸ ਲੈ ਲਏ ਤਾਂ ਫਿਰ ਜਥੇਦਾਰ ਦਾ ਹੋਣਾ ਤਾਂ ਰਹਿ ਹੀ ਨਹੀਂ ਜਾਂਦਾ। ਇਸ ਕਰਕੇ 4 ਸਤੰਬਰ 2021 ਵਾਲੀ ਮੀਟਿੰਗ ਨੂੰ ਇਹਨਾਂ ਆਪ ਹੀ ਅਧਾਰਹੀਣ ਕਰ ਦਿੱਤਾ ਸੀ।

ਉਦੋਂ ਵੀ ਦਾਸ ਨੇ 19 ਅਕਤੂਬਰ 2021 ਨੂੰ ਵਿਸਥਾਰ ਸਹਿਤ ਇਕ ਪੱਤਰ ਜਾਰੀ ਕਰਕੇ ਸੰਗਤ ਨੂੰ ਸੁਚੇਤ ਕੀਤਾ ਸੀ। ਸੰਗਤਾਂ ਨੇ ਇਹਨਾਂ ਦੇ ਕਾਰਨਾਮੇ ਉਦੋਂ ਨਕਾਰ ਦਿੱਤੇ ਸਨ ਅਤੇ ਫਿਰ ਇਹ ਨਾ ਹੀ ਕੋਈ ਪੰਜ ਮੈਂਬਰੀ ਕਮੇਟੀ ਚਲਾ ਸਕੇ ਅਤੇ ਨਾ ਹੀ ਗੁਰਮਤਿ ਅਨੁਸਾਰੀ ਦਾਸਰੇ ਦੀ ਸੌਂਪੀ ਸੇਵਾ ਦੇ ਅਧਿਕਾਰ ਖੋ ਸਕੇ। ਆਹ ਹੁਣ ਨਵਾਂ ਸ਼ੋਸ਼ਾ ਛੱਡਿਆ ਗਿਆ ਹੈ ਕਿ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਨੂੰ ਸੇਵਾ ਮੁਕਤ ਕਰ ਦਿੱਤਾ ਹੈ। ਇਹ ਕਾਰਾ ਕੁੱਝ ਇੱਕ ਵਿਅਕਤੀਆਂ ਵੱਲੋਂ ਹਉਮੇ ਵੱਸ ਹੋ ਕੇ ਚੌਧਰ ਖਾਤਰ ਕੀਤਾ ਜਾ ਰਿਹਾ ਹੈ ਜਿਸ ਨਾਲ ਅਖੰਡ ਕੀਰਤਨੀ ਜਥੇ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਪਿਛਲੇ ਸਾਲ 19 ਅਕਤੂਬਰ 2021 ਦੇ ਪੱਤਰ ਵਿੱਚ ਵਿਸਥਾਰ ਦਿੱਤਾ ਹੋਇਆ ਹੈ, ਪਰ ਫਿਰ ਵੀ ਦਾਸ ਨੂੰ ਅਖੰਡ ਕੀਰਤਨੀ ਜੱਥੇ ਦੇ ਮੁੱਖ ਸੇਵਾਦਾਰ (ਜਥੇਦਾਰ) ਵਜੋਂ ਸੇਵਾ ਕਿਵੇਂ ਸੌਂਪੀ ਗਈ, ਇਸਦਾ ਸੰਖੇਪ ਪਿਛੋਕੜ ਦੇਣਾ ਜ਼ਰੂਰੀ ਸਮਝਦਾ ਹਾਂ। 21-22 ਦਸੰਬਰ 2008 ਨੂੰ ਸਤਿਕਾਰਯੋਗ ਭਾਈ ਸੂਰਤ ਸਿੰਘ 'ਪੂਰਨ' ਜੀ ਗੁਰਪੁਰੀ ਪਿਆਨਾ ਕਰ ਗਏ ਸਨ। ਪੂਰਨ ਜੀ ਨੂੰ ਜਥੇਦਾਰੀ ਦੀ ਸੇਵਾ ਵੀ ਦਿੱਤੀ ਹੋਈ ਸੀ। ਜਥੇ ਦੀ ਚੜਦੀ ਕਲਾ ਲਈ ਪੂਰਨ ਜੀ ਦੇ ਦਾਹ ਸਸਕਾਰ ਤੋਂ ਬਾਅਦ ਗਿਆਰਾਂ ਮੈਂਬਰੀ ਕਮੇਟੀ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਹਰਿਮਹਿੰਦਰਪਾਲ ਸਿੰਘ (ਐਚ. ਪੀ. ਸਿੰਘ) ਦੇ ਮਕਾਨ ਵਿਖੇ ਹੋਈ। ਇਸ ਮੀਟਿੰਗ ਵਿੱਚ ਦਾਸ ਨੂੰ ਜਥੇਦਾਰ ਦੀ ਸੇਵਾ 'ਤੇ ਲਾਉਣ ਦਾ ਫੈਸਲਾ ਲਿਆ ਗਿਆ। ਦਾਸ ਜਥੇਦਾਰੀ ਦੀ ਸੇਵਾ ਕਰਨ ਦਾ ਬਿਲਕੁਲ ਵੀ ਇਛੁੱਕ ਨਹੀਂ ਸੀ ਔਰ ਆਪਣੀ ਅਸਹਿਮਤੀ ਵੀ ਪ੍ਰਗਟਾਈ ਪਰ ਇਸਦੇ ਬਾਵਜੂਦ ਵੀ ਸੇਵਾ ਸੌਂਪ ਦਿੱਤੀ ਗਈ।

ਜਥੇਦਾਰ ਦੀ ਚੋਣ ਨੂੰ 28 ਦਸੰਬਰ, ਪੂਰਨ ਜੀ ਦੀ ਅੰਤਮ ਅਰਦਾਸ ਸਮਾਗਮ ਤੱਕ ਗੁਪਤ ਰੱਖਣ ਦਾ ਫੈਸਲਾ ਵੀ ਕੀਤਾ ਗਿਆ। ਪਰ ਕਿਸੇ ਕਾਰਨ ਕਿਸੇ ਵਲੋਂ ਇਹ ਗੱਲ ਬਾਹਰ ਚਲੇ ਗਈ । 28 ਦਸੰਬਰ ਸਵੇਰ ਨੂੰ ਕਰੀਬ 8-9 ਵਜੇ ਇਕ ਸਿੰਘ ਨੇ ਕਿਸੇ ਕਾਰਨ ਭਾਈ ਮੋਹਕਮ ਸਿੰਘ ਲੁਧਿਆਣਾ ਨਾਲ ਅੰਮ੍ਰਿਤਸਰ ਵਿਖੇ ਧੱਕਾ-ਮੁੱਕੀ ਕੀਤੀ। ਤਾਂ ਇਹ ਸਭ ਦੇਖ ਕੇ ਦਾਸ ਦਾ ਮਨ ਬਹੁਤ ਦੁਖੀ ਹੋਇਆ ਅਤੇ ਮਨੋ ਮਨੀ ਫੈਸਲਾ ਕੀਤਾ ਕਿ ਜਥੇਦਾਰੀ ਦੀ ਸੇਵਾ ਨਹੀਂ ਲੈਣੀ । ਭਾਵੇਂ ਕਿ 26 ਦਸੰਬਰ ਨੂੰ ਵੀ ਆਪਣਾ ਨਾਮ ਵਾਪਸ ਕਰਨ ਲਈ ਬੇਨਤੀ ਕੀਤੀ ਸੀ, ਪਰ ਉਹ ਨਾਮੰਨਜ਼ੂਰ ਕਰ ਦਿੱਤੀ ਗਈ ਸੀ । ਦਾਸ ਵਲੋਂ ਜਥੇਦਾਰੀ ਦੀ ਸੇਵਾ ਨਾ ਲੈਣ ਨੂੰ ਭਾਂਪਦਿਆਂ ਹੋਇਆ ਭਾਈ ਨਿਰਮਲਬੀਰ ਸਿੰਘ, ਭਾਈ ਪ੍ਰਣਾਮ ਸਿੰਘ ਸਮੇਤ ਪੰਜ ਸਿੰਘਾਂ ਨੇ ਮੈਨੂੰ ਕਮਰੇ ਵਿੱਚ ਬੁਲਾ ਕੇ ਸੇਵਾ ਕਰਨ ਲਈ ਹੁਕਮ ਰੂਪੀ ਬਚਨ ਕੀਤੇ ਅਤੇ ਕਿਹਾ ਕਿ ਇਥੋਂ ਕਿਤੇ ਨਹੀਂ ਜਾਉਂਗੇ।

31 ਦਸੰਬਰ 2008 ਨੂੰ ਰੰਗਲੇ ਸੱਜਣ ਟਰੱਸਟ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਦੌਰਾਨ ਗੁਰੂ ਸਾਹਿਬ ਜੀ ਦੀ ਹਜ਼ੂਰੀ ਅੰਦਰ ਅਤੇ ਸੰਗਤਾਂ ਦੀ ਹਾਜ਼ਰੀ ਅੰਦਰ ਦਾਸ ਦੀ ਦਸਤਾਰਬੰਦੀ ਕੀਤੀ ਗਈ । ਦਸਤਾਰਬੰਦੀ ਤੋਂ ਪਹਿਲਾਂ 9 ਵਜੇ ਦੇ ਕਰੀਬ ਪੰਚਾਂ (ਪੰਜਾਂ ਪਿਆਰਿਆਂ) ਦੇ ਸਮਾਗਮ ਵਿੱਚ ਦਾਸ ਦੀ ਪੇਸ਼ੀ ਹੋਈ ਅਤੇ ਸੇਵਾ ਕਰਨ ਦਾ ਹੁਕਮ ਲੱਗਿਆ। ਗੁਰੂ ਰੂਪ ਪੰਚਾਂ ਦਾ ਹੁਕਮ ਸਿਰ ਮੱਥੇ ਮੰਨਦੇ ਹੋਏ ਦਾਸ ਦਸਤਾਰਬੰਦੀ ਸਮਾਗਮ ਵਿੱਚ ਸ਼ਾਮਲ ਹੋ ਗਿਆ। ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਸਮੇਤ ਨਾਮ ਬਾਣੀ ਵਾਲੀਆਂ ਅਨੇਕਾਂ ਰੂਹਾਂ ਨੇ ਦਾਸ ਨੂੰ ਅਸੀਸ ਰੂਪੀ ਸਿਰੋਪੇ ਭੇਂਟ ਕੀਤੇ।

28 ਦਸੰਬਰ ਨੂੰ ਸਿੰਘਾਂ ਦੀ ਧੱਕਾ ਮੁੱਕੀ ਦਾ ਵਾਕਿਆ ਹੋਇਆ ਸੀ ਇਸ ਕਰਕੇ ਇਹਨਾਂ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ, ਜੋ ਕਿ ਹਫਤੇ ਕੁ ਤੱਕ ਆ ਰਹੇ ਸਨ, ਨੂੰ ਅਲੱਗ ਅਲੱਗ ਮਨਾਉਣ ਦਾ ਫੈਸਲਾ ਕਰ ਲਿਆ ਸੀ। ਲੁਧਿਆਣੇ ਵਾਲਿਆਂ ਤਾਂ ਸੈਂਟਰਲ ਸਮਾਗਮ ਲੁਧਿਆਣੇ ਕਰਨਾ ਸੀ, ਪਰ ਅੰਮ੍ਰਿਤਸਰ ਵੱਲ ਦੀਆਂ ਸੰਗਤਾ ਅੰਮ੍ਰਿਤਸਰ ਕਰਨ ਤੇ ਦ੍ਰਿੜ ਸਨ। ਦਾਸ ਨੂੰ ਇਸ ਗੱਲ ਦਾ ਭਲੀਭਾਂਤ ਪਤਾ ਲੱਗ ਚੁੱਕਾ ਸੀ। ਦਸਤਾਰਬੰਦੀ ਹੋਣ ਤੋਂ ਬਾਅਦ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਦਾਸ ਨੇ ਇਹ ਐਲਾਨ ਕੀਤਾ ਕਿ ਦਸਮ ਪਾਤਸ਼ਾਹ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦਾ ਸਮਾਗਮ ਇੱਕ ਹੀ ਹੋਵੇਗਾ ਅਤੇ ਚਲਦੇ ਆ ਰਹੇ ਸਥਾਨ ਲੁਧਿਆਣਾ ਵਿਖੇ ਹੀ ਹੋਵੇਗਾ। ਮਹਾਰਾਜ ਜੀ ਦੀ ਕਲਾ ਵਰਤੀ, ਸੰਗਤਾਂ ਨੇ ਜ਼ੋਰਦਾਰ ਜੈਕਾਰਿਆਂ ਨਾਲ ਇਸਦੀ ਸਹਿਮਤੀ ਪ੍ਰਗਟ ਕੀਤੀ।

ਜਿਹੜੇ ਹਉਮੇਂ ਨਾਲ ਗ੍ਰਸਤ ਲੋਕ ਹੁਣ ਆਖਦੇ ਨੇ ਕਿ ਜਥੇਦਾਰ ਸਾਡੀ ਮਰਜ਼ੀ ਨਾਲ ਚੱਲੇ ਕੀ ਉਹਨਾਂ ਨੂੰ ਪਤਾ ਨਹੀਂ ਸੀ ਦਾਸ ਨੇ ਜਥੇਦਾਰ ਬਣਦਿਆਂ ਹੀ ਏਕਤਾ ਲਈ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਇਕੱਲੇ ਹੀ ਐਲਾਨ ਕਰ ਦਿੱਤਾ ਸੀ। ਜੇਕਰ ਇਹਨਾਂ ਨੂੰ ਪੁੱਛਣ ਬੈਠ ਜਾਂਦੇ ਤਾਂ ਸਮਾਗਮ ਇੱਕ ਨਹੀਂ ਸੀ ਹੋ ਸਕਣਾ। ਉਹ ਦਿਨ ਅਤੇ ਅੱਜ ਦੇ ਦਿਨ ਤੱਕ ਦਾਸ ਗੁਰਮਤਿ ਨੂੰ ਪਹਿਲ ਦੇ ਕੇ ਸੰਗਤ ਦੇ ਵਿਚਾਰ ਸੁਣ ਕੇ ਸੇਵਾ ਕਰਦਾ ਆ ਰਿਹਾ ਹੈ। ਇਸੇਤਰ੍ਹਾਂ ਹੀ ਹੋਰ ਸੈਂਟ੍ਰਲ ਸਮਾਗਮ ਵੀ ਇੱਕ ਕੀਤੇ। ਪਹਿਲੇਂ ਦਿਨ ਤੋਂ ਹੀ ਇਸ ਗੱਲ ਨੂੰ ਹੀ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਚਲਾਏ ਇਸ ਜੱਥੇ ਨੂੰ ਗੁਰਮਤਿ ਲੀਹਾਂ ਤੇ ਹੀ ਰੱਖਿਆ ਜਾਵੇ। ਆ ਰਹੀਆਂ ਢਿੱਲਾ ਦੂਰ ਕੀਤੀਆਂ ਜਾਣ। ਕਈਆ ਵਲੋਂ ਅੜਚਣਾ ਖੜੀਆ ਹੁੰਦੀਆਂ ਦੇਖ ਦਾਸ ਨੇ ਸਤੰਬਰ 2010 ਵਿੱਚ ਪੰਚਾਂ ਦੇ ਪੇਸ਼ ਹੋ ਕੇ ਸੇਵਾ ਕਰਨ ਤੋਂ ਅਸਮਰੱਥਾ ਪ੍ਰਗਟ ਕੀਤੀ। ਪਰ ਪੰਚਾਂ ਨੇ ਸੇਵਾ ਜਾਰੀ ਰੱਖਣ ਦਾ ਹੁਕਮ ਕੀਤਾ। ਦਾਸ ਨੇ ਜਿਥੇ ਤੱਕ ਹੋ ਸਕਿਆ ਗੁਰਮਤਿ ਮਰਯਾਦਾ ਦੀ ਪਹਿਲ ਹੀ ਰੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜਥੇ ਦੀ ਏਕਤਾ ਨੂੰ ਧਿਆਨ ਵਿੱਚ ਰੱਖਦਿਆਂ ਜੋ ਵੀ ਸੇਵਾ ਨਿਭਾ ਸਕਿਆ ਕਰ ਰਿਹਾ ਹਾਂ।

ਹੁਣ ਦਾਸ ਨੂੰ ਧੋਖੇ ਵਿਚ ਰੱਖ ਕੇ ਭਾਈ ਆਰ. ਪੀ. ਸਿੰਘ ਨੇ ਜੋ ਚਿੱਠੀ ਜਾਰੀ ਕੀਤੀ ਹੈ ਉਸਤੇ ਸਵਾਲ ਖੜ੍ਹੇ ਹੋ ਰਹੇ ਹਨ ਕਿ ਜਦ 31 ਮੈਂਬਰੀ ਕਮੇਟੀ ਵਾਲੇ ਅਖੌਤੀ ਅਧਿਕਾਰ ਵਾਪਸ ਲੈਣ ਵਾਲੀ ਚਿੱਠੀ ਕੱਢ ਚੁੱਕੇ ਸਨ ਤਾਂ ਹੁਣ ਦਾਸ ਦੇ ਕੀ ਦੋਸ਼ ਹਨ? ਕੀ ਇਹ ਜੁੰਡਲੀ ਪੰਜਾਂ ਪਿਆਰਿਆਂ ਤੋਂ ਆਪਣੇ ਆਪ ਨੂੰ ਉਪਰ ਸਮਝਦੀ ਹੈ? ਜਿਸ ਕਮੇਟੀ ਦਾ ਜ਼ਿਕਰ ਚਿੱਠੀ ਵਿੱਚ ਕੀਤਾ ਗਿਆ ਹੈ ਨਾ ਤਾਂ ਉਹ ਪੰਚਾਂ ਵਲੋਂ ਥਾਪੀ ਗਈ ਹੈ ਅਤੇ ਨਾ ਹੀ ਸੰਗਤ ਵੱਲੋਂ। ਇਸ ਲਈ ਇਸ ਕਮੇਟੀ ਦਾ ਕੋਈ ਅਧਿਕਾਰ ਨਹੀਂ ਹੈ ਕਿ ਕਿਸੇ ਨੂੰ ਸੇਵਾ ਮੁਕਤ ਕਰ ਸਕਣ। ਦਾਸ ਨੂੰ ਸੰਗਤਾਂ ਵੱਲੋਂ ਸਮੇਂ ਸਮੇਂ ਉੱਤੇ ਅਖੌਤੀ 31 ਮੈਂਬਰੀ ਪ੍ਰਤੀ ਸ਼ਿਕਾਇਤਾਂ ਆਉਂਦੀਆਂ ਸਨ ਕਿ ਕਿਸ ਤਰ੍ਹਾਂ ਇਸ ਅਖੌਤੀ ਕਮੇਟੀ ਵੱਲੋਂ ਜਥੇ ਵਿੱਚ ਪਾੜਾ ਪਾਇਆ ਜਾ ਰਿਹਾ ਹੈ ਅਤੇ ਦਾਸ ਨੂੰ ਕਿਹਾ ਜਾਂਦਾ ਸੀ ਕਿ ਇਹ ਕਮੇਟੀ ਭੰਗ ਹੋਣੀ ਚਾਹੀਦੀ ਹੈ। ਸੰਗਤਾਂ ਦਾਸ ਨੂੰ ਇਹ ਪੁੱਛਦੀਆਂ ਹਨ ਕਿ ਹੁਣ ਤੱਕ ਇਸ ਅਖੌਤੀ ਕਮੇਟੀ ਦੀ ਅਖੰਡ ਕੀਰਤਨੀ ਜਥੇ ਵਿੱਚ ਦੁਬਿਧਾ ਖੜ੍ਹੀ ਕਰਨ ਤੋਂ ਇਲਾਵਾ ਕੀ ਦੇਣ ਹੈ?

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਦੀਆਂ ਸੇਵਾਵਾਂ ਪ੍ਰਤੀ ਰਾਜਨੀਤੀ ਤੋਂ ਪ੍ਰੇਰਿਤ ਕਿਸੇ ਵੀ ਫੈਸਲੇ ਅਤੇ ਆਰ. ਪੀ, ਸਿੰਘ ਦੇ ਦਸਤਖਤਾਂ ਹੇਠ ਜਾਰੀ ਅਯੋਗ ਚਿੱਠੀ ਜਿਹੜੀ ਕਿ ਪੰਜਾਂ ਪਿਆਰਿਆਂ ਦੀ ਹੁਕਮ-ਅਦੂਲੀ ਕਰ ਰਹੀ ਹੈ, ਉਹ ਰੱਦ ਕੀਤੀ ਜਾਂਦੀ ਹੈ। ਦਾਸ ਬੇਨਤੀ ਕਰਦਾ ਹੈ ਕਿ ਜਥੇ ਦੀ ਸੰਗਤ ਸਿਰ ਜੋੜ ਕੇ ਬੈਠੇ, ਕਿਸੇ ਵਿਵਾਦ ਵਿੱਚ ਨਾ ਪਵੇ। ਜੱਥੇ ਦੀ ਇਕਜੁਟਤਾ ਲਈ ਗੁਰਮਤਿ ਅਨੁਸਾਰੀ ਸਰਬ ਸੰਮਤੀ ਨਾਲ ਕੀਤੇ ਫੈਸਲੇ ਨੂੰ ਦਾਸ ਲੋਚਦਾ ਹੈ ਤਾਂ ਕਿ ਚੌਧਰਾਂ ਚਮਕਾਉਣ ਦੀ ਇਸ ਨਵੀਂ ਪ੍ਰਪਾਟੀ ਨੂੰ ਰੋਕਿਆ ਜਾ ਸਕੇ।

ਦਾਸਰਾ,